# 3

# ਖ਼ੁਦਾ ਦੀ ਸਰਬਸ਼ਕਤੀਮਾਨਤਾ:

## ਸਾਡਾ ਖ਼ੁਦਾ ''ਘਟਦਾ'' ਨਹੀਂ ਹੈ

ਖ਼ੁਦਾ ਬਾਰੇ ਕਿਸੇ ਵੀ ਤਰ੍ਹਾਂ ਦੀ ਚਰਚਾ ਕਈ ਕਾਰਣਾਂ ਕਰਕੇ ਰੁਕ ਜਾਂਦੀ ਹੈ। ਉਨ੍ਹਾਂ ਵਿਚ ਸ਼ਾਇਦ ਸਭ ਤੋਂ ਅਹਿਮ ਕਾਰਣ ਉਸ ਬਾਰੇ ਸਾਡੀ ਸਮਝ ਦੀ ਘਾਟ ਹੈ। ਅੱਯੂਬ ਵਾਂਗ ਜਦ, ਸਾਡੇ ਸਾਹਮਣੇ ਖ਼ੁਦਾ ਦੇ ਵਜੂਦ ਦੀ ਗੱਲ ਆਉਂਦੀ ਹੈ ਤਾਂ ਆਮ ਤੌਰ 'ਤੇ ਅਸੀਂ ਉਹਦੇ ਵਾਂਗ ਹੀ ਆਖਣ ਲਗਦੇ ਹਾਂ: ''ਏਸ ਲਈ ਉਹ ਬਕਿਆ ਜਿਹ ਨੂੰ ਮੈਂ ਨਾ ਸਮਝਿਆ, ਇਹ ਮੇਰੇ ਲਈ ਅਚਰਜ ਗੱਲਾਂ ਸਨ'' (ਅੱਯੂਬ 42:3)।

ਖ਼ੁਦਾ ਬਾਰੇ ਵਿਚਾਰ ਕਰਨ ਵਿਚ, ਇਕ ਹੋਰ ਦਿੱਕਤ ਇਹ ਹੈ ਕਿ ਉਹ ਇਕੋ ਸਮੇਂ ਹਰ ਥਾਂ ਮੌਜੂਦ ਹੈ। ਜਿਸ ਦੀ ਚਰਚਾ ਸਾਨੂੰ ਇਕ-ਇਕ ਕਰਕੇ ਕਰਨ ਦੀ ਲੋੜ ਹੈ। ਖ਼ੁਦਾ ਇੱਕੋ ਸਮੇਂ ਸਰਬਵਿਆਪਕ, ਸਰਬ ਗਿਆਨੀ ਅਤੇ ਸਰਬਸ਼ਕਤੀਮਾਨ ਹੈ, ਪਰ ਸਾਨੂੰ ਇਨ੍ਹਾਂ ਸਭ ਗੁਣਾਂ ਦੀ ਚਰਚਾ ਵੱਖੋ-ਵੱਖ ਕਰਨੀ ਚਾਹੀਦੀ ਹੈ। ਅਜਿਹਾ ਕਰਦਿਆਂ ਸਾਨੂੰ ਇਹ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਖ਼ੁਦਾ ਹੈ, ਉਹ ਜਾਣਦਾ ਹੈ ਅਤੇ ਕੰਮ ਕਰਦਾ ਰਹਿੰਦਾ ਹੈ। ਉਸਦਾ ਵਜੂਦ ਕਦੇ ਮਿਟਦਾ ਨਹੀਂ, ਉਹਦਾ ਘੱਟ ਨਹੀਂ ਹੁੰਦਾ ਅਤੇ ਉਹਦੀ ਮੁਕਤੀ ਕਦੇ ਘੱਟਦੀ ਨਹੀਂ ਹੈ।

ਖ਼ੁਦਾ ਨੂੰ ਪੂਰੀ ਤਰ੍ਹਾਂ ਸਮਝਣ ਲਈ ਸਾਡੀ ਖ਼ਾਸ ਚਲਾਕੀ ਨਾਲ ਉਹਦਾ ਸ਼ਿਕਾਰ ਕਰਨ ਵਿਚ ਨਹੀਂ, ਬਲਕਿ ਆਪਣੇ ਬਾਰੇ ਉਸਦੀ ਆਪਣੀ ਮਰਜ਼ੀ ਜ਼ਰੂਰੀ ਹੈ। ਸਾਨੂੰ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਹਨੇ ਕੁਦਰਤ (ਸਾਡੇ ਸੰਸਾਰ) ਵਿਚ, ਮਸੀਹ (ਆਪਣੇ ਪੁੱਤਰ) ਵਿਚ ਅਤੇ ਪਵਿੱਤਰ ਲਿਖਤ (ਆਪਣੇ ਵਚਨ) ਵਿਚ ਆਪਣੇ ਆਪ ਨੂੰ ਜ਼ਾਹਿਰ ਕਰ ਦਿੱਤਾ ਹੈ। ਹੁਣ ਅਸੀਂ ਸਰਬਸ਼ਕਤੀਮਾਨ ਖ਼ੁਦਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਉਹਦੇ ਵਚਨ ਵੱਲ ਆਉਂਦੇ ਹਾਂ।

### ਪੁਰਾਣੇ ਨੇਮ ਵਿਚ ਉਹਦੀ ਸ਼ਕਤੀ ਦਾ ਵਰਣਨ

ਪੁਰਾਣੇ ਨੇਮ ਵਿਚ ਖ਼ੁਦਾ ਦੇ ਸ਼ਕਤੀਸ਼ਾਲੀ ਕੰਮਾਂ ਨੂੰ ਵਿਖਾ ਕੇ ਉਹਦੇ ਸਰਬਸ਼ਕਤੀਮਾਨ ਹੋਣ ਤੇ ਜ਼ੋਰ ਦਿੱਤਾ ਗਿਆ ਹੈ। ਇਸ ਨਾਲ ਖ਼ੁਦਾ ਦੀਆਂ ਗੂੜ੍ਹ ਜਾਂ ਸੂਖਮ ਧਾਰਣਾਵਾਂ ਨਹੀਂ ਹੋ ਜਾਂਦੀਆਂ ਹਨ। ਪਰ ਅਜਿਹੀਆਂ ਧਾਰਣਾਵਾਂ ਨਾਲ ਪੁਰਾਣੇ ਨੇਮ ਵਿਚ ਸਾਨੂੰ ਅਜਿਹਾ ਖ਼ੁਦਾ ਮਿਲਦਾ ਹੈ ਜਿਹਦੀ ਸ਼ਕਤੀ ਇਤਿਹਾਸ ਨੂੰ ਬਦਲ ਦਿੰਦੀ ਹੈ। ਮਿਸਰ ਦੀ ਹਕੂਮਤ ਤੇ ਆਫ਼ਤਾਂ ਦੀ ਬਹੁਤ ਸਾਰੀ ਮਾਰ ਪਈ ਸੀ (ਕੂਚ 7-11)। ਇਸਰਾਏਲੀਆਂ ਦੇ ਮਿਸਰ 'ਚੋਂ ਨਿੱਕਲ ਜਾਣ ਲਈ ਲਾਲ ਸਮੁੰਦਰ ਦੋ ਹਿੱਸੇ ਹੋ ਗਿਆ, ਪਰ ਮਿਸਰੀ ਫ਼ੌਜ ਉਸ ਵਿਚ ਗਰਕ ਹੋ ਗਈ (ਕੂਚ 14; 15)। ਖ਼ੁਦਾ ਦੇ ਪਰਗਟ ਹੋਣ ਨਾਲ ਸੀਨਈ ਪਹਾੜ ਡੋਲ ਗਿਆ ਸੀ ਅਤੇ ਉਸ ਵਿੱਚੋਂ ਧੂੰਆਂ ਨਿੱਕਲਿਆ ਸੀ ਅਤੇ ਲੋਕ ਭੈਭੀਤ ਹੋ ਗਏ ਸਨ। ਅਹਿਦ ਦਾ ਸੰਦੂਕ ਲੈ ਕੇ ਜਾ ਰਹੇ ਯਾਜਕਾਂ ਦੇ ਨਾਲ ਇਸਰਾਏਲੀਆਂ ਦੇ ਯਰਦਨ ਪਾਰ ਕਰਨ ਵੇਲੇ ਉਹਦਾ ਪਾਣੀ ਰੁਕ ਗਿਆ ਸੀ (ਯਹੋਸ਼ੁਆ 3; 4)। ਲੋਕਾਂ ਨੂੰ ਦਿੱਤੀ ਯਹੋਸ਼ੁਆ ਦੀ ਹਦਾਇਤ ''ਜੈ ਕਾਰਾ ਗਜਾਓ! ਕਿਉਂ ਜੋ ਯਹੋਵਾਹ ਨੇ ਇਹ ਸ਼ਹਿਰ ਤੁਹਾਨੂੰ ਦੇ ਦਿੱਤਾ ਹੈ!'' (ਯਹੋਸ਼ੁਆ 6:16) ਦੀ

ਤਸਦੀਕ ਵਿਚ ਯਰੀਹੋ ਦੀ ਸ਼ਹਿਰਪਨਾਹ ਇਸਰਾਏਲ ਅੱਗੇ ਧੜੰਮ ਕਰਕੇ ਡਿੱਗ ਪਈ ਸੀ। ਹੋਰ ਵੀ ਕਈ ਉਦਾਹਰਣਾਂ ਜੋੜੀਆਂ ਜਾ ਸਕਦੀਆਂ ਹਨ, ਪਰ ਖ਼ੁਦਾਈ ਸ਼ਕਤੀ ਨੂੰ ਵਿਖਾਉਣ ਲਈ ਇਹੀ ਕਾਫ਼ੀ ਹਨ।

ਖ਼ੁਦਾ ਦੇ ਲੋਕਾਂ ਨੇ ਉਸਦੇ ਉਪਾਅ ਵਿਚ ਰਹਿੰਦਿਆਂ ਖ਼ੁਦਾ ਦੀ ਸ਼ਕਤੀ ਨੂੰ ਵੇਖਿਆ ਸੀ। ਉਨ੍ਹਾਂ ਦਾ ਇਤਿਹਾਸ ਖ਼ੁਦਾ ਦਾ ਕਾਨੂੰਨ ਸੀ। ਖ਼ੁਦਾ ਦੀ ਸੰਭਾਲ ਵਿਚ ਉਨਾਂ ਦੇ ਵਿਸ਼ਵਾਸ ਦਾ ਮਤਲਬ ਖ਼ੁਦਾ ਦੀ ਸ਼ਕਤੀ ਵਿਚ ਭਰੋਸਾ ਸੀ। ਖ਼ੁਦਾ ਦੀ ਸ਼ਕਤੀ ਵਿਚ ਉਨ੍ਹਾਂ ਦਾ ਇਹ ਵਿਸ਼ਵਾਸ ਜੋ ਉਸਦੇ ਵੱਲੋਂ ਕੀਤੇ ਉਪਾਅ ਵਿਚ ਮਿਲਦਾ ਸੀ ਅਤੇ ਪੂਰਾ ਹੁੰਦਾ ਸੀ ਕਈ ਜ਼ਬੂਰਾਂ ਵਿਚ ਵੀ ਖੂੰਜੇ ਦਾ ਪੱਥਰ ਹੈ। ਉਦਾਹਰਣ ਲਈ ਅਸੀਂ ਪੜ੍ਹਦੇ ਹਾਂ, ''ਜਿਹੜਾ ਅੱਤ ਮਹਾਨ ਦੀ ਓਟ ਵਿਚ ਵੱਸਦਾ ਹੈ, ਉਹ ਸਰਬ ਸ਼ਕਤੀਮਾਨ ਦੇ ਸਾਏ ਹੇਠ ਟਿਕੇਗਾ। ਮੈਂ ਯਹੋਵਾਹ ਦੇ ਵਿਖੇ ਆਖਾਂਗਾ, ਕਿ ਉਹ ਮੇਰੀ ਪਨਾਹ ਅਤੇ ਮੇਰਾ ਗੜ੍ਹ ਹੈ, ਮੇਰਾ ਪਰਮੇਸ਼ੁਰ ਜਿਹ ਦੇ ਉੱਤੇ ਮੈਂ ਭਰੋਸਾ ਰੱਖਦਾ ਹਾਂ'' (ਜ਼ਬੂਰ 91:1, 2)।

ਖ਼ੁਦਾ ਦੇ ਲੋਕਾਂ ਨੂੰ ਯਕੀਨ ਸੀ ਕਿ ਜੇ ਉਹ ਉਸ 'ਤੇ ਭਰੋਸਾ ਰੱਖਣਗੇ ਤਾਂ ਉਹ ਉਨ੍ਹਾਂ ਦੀ ਲੋੜ ਪੂਰਾ ਕਰਨ ਵਾਲਾ ਅਤੇ ਉਨ੍ਹਾਂ ਦਾ ਆਸਰਾ ਹੋਵੇਗਾ। ਉਨ੍ਹਾਂ ਦਾ ਇਹ ਵਿਸ਼ਵਾਸ ਨਾ ਸਿਰਫ਼ ਇਸ ਵਿਸ਼ਵਾਸ 'ਤੇ ਅਧਾਰਿਤ ਸੀ ਕਿ ਖ਼ੁਦਾ ਆਪਣੇ ਲੋਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ ਅਤੇ ਉਨ੍ਹਾਂ ਲਈ ਉਪਾਅ ਕਰਨ ਨੂੰ ਤਿਆਰ ਸੀ, ਬਲਕਿ ਉਨ੍ਹਾਂ ਦੇ ਇਸ ਵਿਸ਼ਵਾਸ ਵਿਚ ਵੀ ਸੀ ਕਿ *ਉਹ ਅਜਿਹਾ ਕਰਨ ਦੇ ਯੋਗ ਹੈ*!

## ਉਹਦੇ ਨਾਮ ਵਿਚ ਉਸਦੀ ਸ਼ਕਤੀ

ਇਸਰਾਏਲੀਆਂ ਵੱਲੋਂ ਖ਼ੁਦਾ ਨੂੰ ਦਿੱਤੇ ਕਈ ਨਾਂਵਾਂ ਨਾਲ ਉਹਦੀ ਸ਼ਕਤੀ ਵਿਚ ਉਨ੍ਹਾਂ ਦੇ ਭਰੋਸੇ ਦਾ ਸਬੂਤ ਮਿਲਦਾ ਹੈ। ਜ਼ਬੂਰ 91 ਵਿਚ ਤਿੰਨ ਮਿਸਾਲਾਂ ਹਨ। ਪਹਿਲੀ, ''ਪਰਮ ਪ੍ਰਧਾਨ'' ਏਲਿਓਨ (*'elyon*) ਦਾ ਅਨੁਵਾਦ ਹੈ। ਦੂਜਾ ਸ਼ਬਦ, ਏਲ (*'El*) ਪ੍ਰਧਾਨ ਕਨਾਨੀ ਦੇਵਤੇ ਲਈ ਇਕ ਆਰੰਭਿਕ ਕਨਾਨੀ ਨਾਮ ਸੀ, ਇਹਦਾ ਅਰਥ ਸੀ, ''ਸ਼ਕਤੀਮਾਨ, ਸਮਰੱਥ।''[1] ਮੂਰਤੀ ਪੂਜਾ ਨੂੰ ਵਿੱਚੋਂ ਕੱਢ ਦੇਵਤੇ, ''ਏਲ'' ਨਾਮ ਇਬਰਾਨੀਆਂ ਦੇ ਸੱਚੇ ਅਤੇ ਜ਼ਿੰਦਾ ਖ਼ੁਦਾ ਲਈ ਵਿਹਾਰਕ ਸੀ। ਜ਼ਬੂਰ 91 ਵਿਚ ਇਹ ਨਾਮ ਸਰਬਉੱਚ ਸੀ: *ਏਲਓਨ* ''ਪਰਮ ਪ੍ਰਧਾਨ'' ਵਾਂਗ ਹੈ ਜੋ ਸਭ ਤੋਂ ਵੱਧ ਸ਼ਕਤੀਸ਼ਾਲੀ ਹੈ। ਇਸਰਾਏਲੀ ਲੋਕ ਖ਼ੁਦਾ ਦੀ ਸ਼ਕਤੀ ਅਤੇ ਉਪਾਅ ਵਿਚ ਉਹਦੇ ਵੱਲੋਂ ਸੰਭਾਲਣ ਤੋਂ ਚੰਗੀ ਤਰ੍ਹਾਂ ਵਾਕਫ਼ ਸਨ, ਜਿਸਦਾ ਸੰਕੇਤ ਇਸਰਾਏਲੀ ਮਾਂ-ਪਿਓ ਵੱਲੋਂ ਆਪਣੇ ਬੱਚਿਆਂ ਦੇ ਨਾਂਅ ਰੱਖਣ ਤੋਂ ਹੀ ਸੰਕੇਤ ਮਿਲਦਾ ਸੀ। ਉਦਾਹਰਣ ਲਈ *ਏਲੀ, ਸਮੂਏਲ* ਅਤੇ *ਏਲੀਆਹ*। ਜ਼ਬੂਰ 91 ਵਿਚ ਤੀਜੀ ਉਦਾਹਰਣ ਜੋ ਖ਼ੁਦਾ ਦੀ ਸ਼ਕਤੀ ਵਿਚ ਇਸਰਾਏਲੀਆਂ ਦੇ ਵਿਸ਼ਵਾਸ ਨੂੰ ਵਿਖਾਉਂਦੀ ਹੈ ਉਹ ਹੈ, *ਸ਼ੱਦੈ* ਦਾ ਅਨੁਵਾਦ ''ਸਰਬਸ਼ਕਤੀਮਾਨ।''

## ਨਵੇਂ ਨੇਮ ਵਿਚ ਉਹਦੀ ਸ਼ਕਤੀ ਦੀ ਝਲਕ

ਨਵਾਂ ਨੇਮ ਵੀ ਉਸ ਖ਼ੁਦਾ ਨੂੰ ਵਿਖਾਉਂਦਾ ਹੈ ਜਿਹਦੇ ਕੋਲ ਆਪਣੀ ਇੱਛਾ ਪੂਰੀ ਕਰਨ ਦੀ ਸ਼ਕਤੀ ਹੈ। ਇਸ ਨੂੰ ਸਿੱਧੇ ਤੌਰ 'ਤੇ ''ਪਰ ਓਸ ਆਖਿਆ ਜਿਹੜੀਆਂ ਗੱਲਾਂ ਮਨੁੱਖਾਂ ਤੋਂ ਅਣਹੋਣੀਆਂ ਹਨ ਓਹ ਪਰਮੇਸ਼ੁਰ ਤੋਂ ਹੋ ਸਕਦੀਆਂ ਹਨ'' (ਲੂਕਾ 18:27) ਵਰਗੇ ਵਾਕਾਂ ਨਾਲ ਸਾਹਮਣੇ ਲਿਆਇਆ ਜਾਂਦਾ ਹੈ। ਪੁਰਾਣੇ ਨੇਮ ਵਾਂਗ, ਇਸ ਵਿਸ਼ਵਾਸ ਨਾਲ ਕਿ ਖ਼ੁਦਾ ਆਪਣੇ ਲੋਕਾਂ ਦੀ ਭਲਾਈ ਲਈ ਆਪਣੀ ਸ਼ਕਤੀ ਦੀ ਵਰਤੋਂ ਕਰਦਾ ਹੈ, ਨਵੇਂ ਨੇਮ ਵਿਚ ਵੀ ਖ਼ੁਦਾ ਦੀ ਸ਼ਕਤੀ ਲਈ ਇਸ ਵਿਸ਼ਵਾਸ ਨੂੰ ਵਿਖਾਇਆ ਗਿਆ ਹੈ: '' ... ਜਦ ਪਰਮੇਸ਼ੁਰ ਸਾਡੀ ਵੱਲ ਹੈ ਤਾਂ ਕੌਣ ਸਾਡੇ ਵਿਰੁੱਧ ਹੋਵੇਗਾ?'' (ਰੋਮੀਆਂ 8:31)। ਹਿਫ਼ਾਜ਼ਤ ਕਰਨ, ਉਪਾਅ ਕਰਨ ਅਤੇ ਆਪਣੇ ਲੋਕਾਂ ਨੂੰ ਕੱਢਣ ਦੀ ਖ਼ੁਦਾ ਦੀ

ਸ਼ਕਤੀ ਦੀ ਇਸ ਦਲੇਰੀ ਦਾ ਸੰਬੰਧ ਉਨ੍ਹਾਂ ਦੇ ਇਸ ਵਿਸ਼ਵਾਸ ਨਾਲ ਹੈ ਕਿ ਉਹ ਨੇੜੇ ਹੈ (ਰਸੂਲਾਂ ਦੇ ਕੰਮ 17:27) ਅਤੇ ਉਹ ਉਨ੍ਹਾਂ ਦੀ ਜ਼ਿੰਦਗੀ ਦੀ ਹਰ ਗੱਲ ਤੋਂ ਵਾਕਫ਼ ਹੈ (ਮੱਤੀ 10:29-31)।

ਜਿਵੇਂ ਕਿ ਬਾਈਬਲ ਵਿਚ ਸਾਫ਼ ਕੀਤਾ ਗਿਆ ਹੈ, ਖ਼ੁਦਾ ਦੂਰ ਦਾ ਅਗਿਆਨੀ ਜਾਂ ਕਮਜ਼ੋਰ ਨਹੀਂ ਹੈ। ਅਸਲ 'ਚ, ''ਖ਼ੁਦਾ ਦੀ ਅਸੀਮਤਾ'' ਦਾ ਇਹ ਪੂਰਾ ਭਾਗ ਜ਼ੋਰ ਦਿੰਦਾ ਹੈ ਕਿ ਉਹ ਸਰਬਵਿਆਪਕ ਹੈ, ਸਰਬਗਿਆਨੀ ਹੈ ਅਤੇ ਸਰਬਸ਼ਕਤੀਮਾਨ ਹੈ। ਇਸ ਤੋਂ ਭਾਵ ਇਹ ਹੈ ਕਿ ਉਹ ਖ਼ੁਦਾ ਉਹ ਨਹੀਂ ਹੈ ਜਿਸ ਨੂੰ ਦੇਵਤਿਆਂ ਦੇ ਰੂਪ ਵਿਚ ਵਿਖਾਇਆ ਜਾਂਦਾ ਹੈ। ਉਸਨੇ ਰਚਨਾ ਵਿਚ ਆਪਣੀ ਵੱਡੀ ਸ਼ਕਤੀ ਦੀ ਵਰਤੋਂ ਸਿਰਫ਼ ਵਾਪਸ ਲਿਆਉਣ ਲਈ ਅਤੇ ਸੰਸਾਰ ਨੂੰ ਅਨਿੱਜੀ ਢੰਗ ਨਾਲ ਕੰਮ ਕਰਦਿਆਂ ਵੇਖਣ ਲਈ ਨਹੀਂ ਕੀਤੀ। ਨਾ ਹੀ ਉਸ ਸਰਬਦੇਵਵਾਦ ਦੀ ਸਿੱਖਿਆ ਵਾਲਾ ਖ਼ੁਦਾ ਹੈ: ਉਸਨੂੰ ਉਸ ਧਾਰਣਾ ਰਾਹੀਂ ਸਮਝਣਾ ਵੀ ਗਲਤ ਹੋਵੇਗਾ। ਜਿਸ ਵਿਚ ਕਿਹਾ ਜਾਂਦਾ ਹੈ ਕਿ ਈਸ਼ਵਰ ਇਸ ਜਗਤ ਦੇ ਕਣ-ਕਣ ਵਿਚ ਹੈ ਭਾਵ ਜੋ ਕੁਝ ਵੀ ਹੈ ਉਹ ਈਸ਼ਵਰ ਹੈ। ਯਕੀਨਨ ਦੀ ਉਹ ਫ਼ਿਲਾਸਫ਼ੀ-ਬਾਈਬਲ ਵਾਲਾ ਖ਼ੁਦਾ ਵੀ ਨਹੀਂ ਹੈ; ਉਹ ਸੰਸਾਰ ਦੀਆਂ ਪ੍ਰਕਿਰਿਆਵਾਂ ਵਿਚ ਉਲਝਿਆ ਨਹੀਂ ਹੈ ਕਿ ਉਹ ਆਪਣੀ ਰਚਨਾ ਵਿਚ ਕੰਮ ਕਰਦਿਆਂ ਉਨ੍ਹਾਂ ਰਾਹੀਂ ਬਦਲ ਜਾਵੇ।[2] ਖ਼ੁਦਾ ਅਪੰਰਪਾਰ ਵੀ ਹੈ ਅਤੇ ਅੰਤਰਯਾਮੀ ਵੀ ਹੈ, ਭਾਵ ਹਰ ਚੀਜ਼ ਤੇ ਉਸ ਦਾ ਅਖ਼ਤਿਆਰ ਹੈ ਜਿਨ੍ਹਾਂ ਵਿਚ ਸਾਡੇ ਨਿੱਜੀ ਭਵਿੱਖ ਵੀ ਸ਼ਾਮਿਲ ਹਨ।

ਅਸੀਂ ਖ਼ੁਦਾ ਦੇ ਪੂਰੀ ਤਰ੍ਹਾਂ ਨਿਰਭਰ ਹੋ ਸਕਦੇ ਹਾਂ, ਗਿਆਨ ਭਰਪੂਰ ਵਿਸ਼ਵਾਸ ਨਾਲ ਉਹ ਸਰਬਸ਼ਕਤੀਮਾਨ ਅਤੇ ਜ਼ਿੰਦਗੀ ਬਦਲ ਦੇਣ ਵਾਲੇ ਕਾਰਜ ਭਾਵ ਸਾਡੇ ਛੁਟਕਾਰੇ ਨੂੰ ਕਬੂਲ ਕਰਕੇ ਅਜਿਹਾ ਸੰਭਵ ਹੋ ਜਾਂਦਾ ਹੈ। ਇਤਿਹਾਸ ਵਿਚ ਮੋੜ ਲਿਆਉਣ ਵਾਲੀ ਘਟਨਾ ਮਸੀਹ ਦਾ ਸਲੀਬ ਦਿੱਤਾ ਜਾਣਾ ਸੀ। ਉਸ ਇਤਿਹਾਸਕ ਪਲ ਵਿਚ ਇਕ ਪਰਦਾ ਸੀ ਜੋ ਹਟਾ ਦਿੱਤਾ ਗਿਆ ਅਤੇ ਮਨੁੱਖ ਜਾਤੀ ਨਾਲ ਖ਼ੁਦਾ ਦਾ ਇਕ ਨਵਾਂ ਸੰਬੰਧ ਬਣਨਾ ਮੁਮਕਿਨ ਹੋ ਸਕਿਆ ਸੀ। ਸਲੀਬ ਅਤੇ ਮਸੀਹ ਦੇ ਜੀ ਉੱਠਣਾ ਦੋਹਾਂ ਇਤਿਹਾਸ ਨੂੰ ਬਦਲਣ ਤੋਂ ਖ਼ੁਦਾ ਤੋਂ ਅਨਾਦੀਕਾਲ ਤਕ ਅਤੇ ਸਾਡੇ ਸਬੰਧ ਮਿਠਾਸ ਭਰੇ ਬਣਾਉਣ ਸੰਭਵ ਕਰਨਾ ਵਿਖਾਇਆ ਗਿਆ ਹੈ। ਇਹੀ ਤਾਂ ਮਸੀਹ ਦੀ ਖੁਸ਼ਖ਼ਬਰੀ ਭਾਵ ਇੰਜੀਲ ਹੈ। ਯਕੀਨਨ ਹੀ ਆਪਣੇ ਕਾਰਜ ਨੂੰ ਪੂਰਾ ਕਰਨ ਅਤੇ ਆਖ਼ਰੀ ਫਲ ਤਾਂ ਖ਼ੁਦਾ ਦੀ ਸ਼ਕਤੀ ਵਿਚ ਹੈ।

## ਪ੍ਰਾਸੰਗਿਕਤਾਵਾਂ

ਸਾਡਾ ਧਰਮ ਅਤੇ ਸਾਡੀ ਜ਼ਿੰਦਗੀ ਉਹੋ ਜਿਹੀ ਹੀ ਬਣ ਜਾਂਦੀ ਹੈ ਜਿਹੋ ਜਿਹਾ ਸਾਡਾ ਵਿਸ਼ਵਾਸ ਹੁੰਦਾ ਹੈ ਕਿ ਖ਼ੁਦਾ ਲਈ ਕੁਝ ਵੀ ਮੁਮਕਿਨ ਹੈ। ਪਰ ਸਾਡਾ ਵਿਸ਼ਵਾਸ ''ਅੰਧ ਵਿਸ਼ਵਾਸ'' ਨਹੀਂ ਹੈ। ਅਸੀਂ ਖ਼ੁਦਾਈ ਸ਼ਕਤੀ ਬਾਰੇ ਔਖੇ ਸਵਾਲਾਂ ਨੂੰ ਟਾਲਦੇ ਨਹੀਂ ਹਾਂ। ਸਾਨੂੰ ਉਨ੍ਹਾਂ ਦਾ ਸਾਹਮਣਾ ਕਰਨਾ ਹੀ ਪਵੇਗਾ। ਆਓ ਉਨ੍ਹਾਂ ਵਿੱਚੋਂ ਕੁਝ ਸਵਾਲਾਂ 'ਤੇ ਗੌਰ ਕਰਦੇ ਹਾਂ।

''ਖ਼ੁਦਾ ਦੀ ਅਸੀਮ ਸ਼ਕਤੀ ਦੇ ਕਿਸੇ ਅਟੱਲ ਵਸਤੂ ਨਾਲ ਟਕਰਾਉਣ 'ਤੇ ਕੀ ਹੁੰਦਾ ਹੈ?'' ਖ਼ੁਦਾ ਦੀ ਸ਼ਕਤੀ ਆਪਣਾ ਵਿਰੋਧ ਕਰਨ ਵਾਲੀ ਕਿਸੇ ਚੀਜ਼ ਲਈ ਪ੍ਰਾਸੰਗਿਕ ਨਹੀਂ ਹੈ। ਇਸ ਸਵਾਲ ਵਿਚ ਕਿਸੇ ''ਅਟੱਲ ਵਸਤੂ'' ਦਾ ਵਜੂਦ ਨਹੀਂ ਹੈ। ਇਸ ਵਿਚ ਹਕੀਕਤ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਅਜਿਹਾ ਹੀ ਇਕ ਸਵਾਲ ਹੈ, ''ਭਲਾ ਖ਼ੁਦਾ ਅਤੀਤ ਨੂੰ ਬਦਲ ਸਕਦਾ ਹੈ?'' ਇਹ ਅਨੁਮਾਨਿਤ ਸਵਾਲ ਬੀਤ ਚੁਕੇ ਸਮੇਂ ਬਾਰੇ ਹੈ, ਪਰ ਜਿੱਥੋਂ ਤਕ ਸਮੇਂ ਦੀ ਗੱਲ ਹੈ, ਇਹ ਅਨਾਦੀਕਾਲ ਵਿਚ ਸ਼ੁਮਾਰ ਨਹੀਂ ਹੁੰਦਾ। ਇਸ ਸਵਾਲ ਦਾ ਜਵਾਬ ਹੀ ਸਾਨੂੰ ਕਿਸੇ ਮਰ ਗਏ ਦੁਸ਼ਟ ਬਦਮਾਸ਼, ਦੀ ਸ਼ਕਤੀ ਲਈ ਦੁਆ ਕਰਨ ਤੋਂ ਵਰਜਦਾ ਹੈ।

ਕਈ ਵਾਰ ਹੋਰ ਸਵਾਲ ਵੀ ਸਾਡੇ ਸਾਹਮਣੇ ਆਉਂਦੇ ਹਨ, ਜਿਵੇਂ ''ਭਲਾ ਖ਼ੁਦਾ ਝੂਠ ਬੋਲ

ਸਕਦਾ ਹੈ?'' ''ਭਲਾ ਉਹ ਪਾਪ ਕਰ ਸਕਦਾ ਹੈ?'' ''ਭਲਾ ਉਹ ਮਰ ਸਕਦਾ ਹੈ?'' ਹਰ ਸਵਾਲ ਦਾ ਗੰਭੀਰ ਜਵਾਬ ਹੈ, ''ਨਹੀਂ!'' ਅਜਿਹੇ ਕੰਮ ਉਹਦੇ ਸੁਭਾਅ ਦੇ ਉਲਟ ਹਨ। ਉਹ ਝੂਠ ਨਹੀਂ ਬੋਲ ਸਕਦਾ ਕਿਉਂਕਿ ਉਹ ਪੂਰੀ ਤਰ੍ਹਾਂ ਨਾਲ ਸੱਚਾ ਹੈ (ਯਿਰਮਿਯਾਹ 10:10)। ਉਹ ਪਾਪ ਨਹੀਂ ਕਰ ਸਕਦਾ ਕਿਉਂਕਿ ਉਹ ਬਿਲਕੁਲ ਖ਼ਾਲਸ ਹੈ (1 ਯੂਹੰਨਾ 3:2, 3)। ਉਹ ਮਰ ਨਹੀਂ ਸਕਦਾ ਕਿਉਂਕਿ ਉਹ ਤਾਂ ਜ਼ਿੰਦਗੀ ਹੈ (ਜ਼ਬੂਰ 36:3; 33:3)। ਖ਼ੁਦਾ ਆਪਣੇ ਸੁਭਾਅ ਦੇ ਉਲਟ ਕੁਝ ਵੀ ਨਹੀਂ ਕਰ ਸਕਦਾ। ਇਹ ਜਾਣ ਕੇ ਕਿ ਖ਼ੁਦਾ ਐਨਾ ਕਮਜ਼ੋਰ ਨਹੀਂ ਹੈ ਕਿ ਮੌਜ ਵਿਚ ਆ ਕੇ ਉਹ ਜੋ ਮਰਜ਼ੀ ਕਰੇ, ਉਹ ਵਫ਼ਾਦਾਰ ਖ਼ੁਦਾ ਹੈ (ਵਿਵਸਥਾਸਾਰ 7:9; 1 ਕੁਰਿੰਥੀਆਂ 10:13), ਸਾਡੇ ਕੋਲ ਸ਼ੁਕਰ ਕਰਨ ਦਾ ਅਧਾਰ ਹੈ। ਉਹ ਆਪਣੇ ਸੁਭਾਅ ਤੋਂ ਬਦਲਦਾ ਨਹੀਂ ਹੈ (ਯਾਕੂਬ 1:17, 18)।

ਅਖ਼ੀਰ 'ਚ ''ਭਲਾ ਖ਼ੁਦਾ ਕਦੇ ਆਪਣੀ ਸ਼ਕਤੀ ਨੂੰ ਸੀਮਤ ਕਰ ਸਕਦਾ ਹੈ?'' ਇਸ ਸਵਾਲ ਦਾ ਜਵਾਬ ਬੜੀ ਚੌਕਸੀ ਨਾਲ ਦੇਣ ਦੀ ਲੋੜ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਖ਼ੁਦਾ ਦਾ ਸੁਭਾਅ ਹੀ ਸਰਬਸ਼ਕਤੀਮਾਨ ਹੋਣਾ ਹੈ। ਇਸ ਕਰਕੇ ਆਪਣੀ ਸ਼ਕਤੀ ਨੂੰ ਭਾਵ ਸਰਬਸ਼ਕਤੀਮਾਨ ਹੋਣ ਨੂੰ ਸੀਮਤ ਕਰਨਾ ਉਹਦੇ ਸੁਭਾਅ ਦੇ ਉਲਟ ਹੈ। ਪਰ ਆਪਣੀ ਅਸੀਮ ਬੁੱਧ ਨਾਲ ਉਹ ਆਪਣੀ ਅਸੀਮ ਸ਼ਕਤੀ ਦੀ ਵਰਤੋਂ ਸੀਮਿਤ ਢੰਗ ਨਾਲ ਇਵੇਂ ਕਰਨਾ ਚੁਣਦਾ ਹੈ ਜੋ ਪੂਰੀ ਤਰ੍ਹਾਂ ਨਾਲ ਉਹਦੀ ਅਸੀਮ ਇੱਛਾ ਨੂੰ ਪੂਰਾ ਕਰਨ ਲਈ ਹੋਵੇ। ਇਹ ਗੱਲ ਬਾਈਬਲ ਦੀਆਂ ਆਇਤਾਂ ਵਿਚ ਸਭ ਤੋਂ ਵੱਧ ਜ਼ੋਰ ਦੇ ਕੇ ਕਹੀ ਗਈ ਹੈ। ਸ਼ਾਇਦ ਗਿਆਨ ਪਾਉਣ ਦੀ ਇੱਛਾ ਕਰਨ ਵਾਲੇ ਸਾਡੇ ਵਿੱਚੋਂ ਹਰ ਕਿਸੇ ਨੂੰ ਵੀ ਪੌਲੁਸ ਦੇ ਨਾਲ ਇਹ ਦੁਆ ਕਰਨ ਦੀ ਲੋੜ ਹੈ:

> ਕਿ ਤੁਹਾਡੇ ਦਿਲ ਦੀਆਂ ਅੱਖਾਂ ਨੂੰ ਚਾਨਣ ਹੋਵੇ ਤਾਂ ਜੋ ਤੁਸੀਂ ਜਾਣ ਲਵੋ ਕਿ ਉਹ ਦੇ ਸੱਦੇ ਤੋਂ ਕੀ ਆਸ ਹੁੰਦੀ ਹੈ ਅਤੇ ਸੰਤਾਂ ਵਿਚ ਉਹ ਦੇ ਤੇਜਵਾਨ ਅਧਿਕਾਰ ਦਾ ਧਨ ਕੀ ਹੈ। *ਅਤੇ ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮਰੱਥਾ ਦਾ ਅਤਯੰਤ ਵੱਡਾਪਣ ਉਹ ਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ।* ਜਿਹੜਾ ਉਹ ਨੇ ਮਸੀਹ ਵਿਚ ਕੀਤਾ ਜਦ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਂਵਾਂ ਵਿਚ ਆਪਣੇ ਸੱਜੇ ਹੱਥ ਬਿਠਾਇਆ। ਉਹ ਹਰੇਕ ਹਕੂਮਤ, ਅਖ਼ਤਿਆਰ, ਕੁਦਰਤ, ਰਿਆਸਤ, ਅਤੇ ਹਰੇਕ ਨਾਉਂ ਦੇ ਉਤਾਹਾਂ ਹੈ ਜੋ ਨਾ ਕੇਵਲ ਇਸ ਜੁੱਗ ਵਿਚ ਸਗੋਂ ਆਉਣ ਵਾਲੇ ਜੁੱਗ ਵਿਚ ਵੀ ਲਈਦਾ ਹੈ (ਅਫ਼ਸੀਆਂ 1:18-21)।

---

ਟਿੱਪਣੀਆਂ

[1]ਡਬਲਯੂ. ਐੱਫ਼. ਆਲਬ੍ਰਟ, *ਆਰਕਿਓਲੋਜੀ ਐਂਡ ਦ ਰਿਲਿਜਨ ਆਫ਼ ਇਜ਼ਰਾਏਲ* (ਬਾਲਟੀਮੋਰ: ਜੌਨਸ ਹੌਪਕਿੰਸ, 1956), 72. [2]ਕਾਰਲ ਐੱਫ਼. ਐੱਚ. ਹੈਨਰੀ, *ਗੌਡ, ਰੈਵਲੇਸ਼ਨ ਐਂਡ ਅਥਾਰਿਟੀ,* ਜਿਲਦ 1, *ਗੌਡ ਹੂ ਸਪੀਕਸ ਐਂਡ ਸ਼ੋਅਜ਼* (ਵੈਕੋ, ਟੈਕਸਸ: ਵਰਲਡ ਪਬਲਿਸ਼ਿੰਗ ਕੰ., 1976)। ਇਸੇ ਕਿਤਾਬ ਵਿਚ ''Deism'' ''Pantheism'' ਅਤੇ ''Process Philosophy-Theology'' ਵੇਖੋ ਜਾਂ ਥਿਓਲੋਜੀ ਦੀ ਕਿਸੇ ਪ੍ਰਸਿੱਧ ਕਿਤਾਬ ਵਿੱਚੋਂ ਵੇਖੋ।